**Ministry of Education**
Minister
315 Front Street West
Toronto ON  M7A 0B8

**Ministère de l'Éducation**
Ministre
315, rue Front Ouest
Toronto ON  M7A 0B8

Ontario

ਪਿਆਰੇ ਮਾਤਾ-ਪਿਤਾ+

ਮੈਂ ਅੱਜ ਤੁਹਾਨੂੰ ਸਾਡੀ ਸਰਕਾਰ ਦੁਆਰਾ ਸੂਬੇ ਵਿੱਚ ਸਟੇਟ ਔਫ ਐਮਰਜੈਂਸੀ ਘੋਸ਼ਿਤ ਕਰਨ ਤੋਂ ਠੀਕ ਦੋ ਹਫਤੇ ਬਾਅਦ ਲਿੱਖ ਰਿਹਾ ਹਾਂ।

ਮੈਂ ਜਾਣਦਾ ਹਾਂ ਕਿ ਇਹ ਅਵਧੀ ਤੁਹਾਡੇ ਜਾਂ ਤੁਹਾਡੇ ਬੱਚਿਆਂ ਵਾਸਤੇ ਅਸਾਨ ਨਹੀਂ ਰਹੀ ਹੈ, ਖਾਸ ਕਰਕੇ ਜਿਵੇਂ ਕੋਵਿਡ-19 ਆਊਟਬ੍ਰੇਕ ਦੇ ਅਸਰਾਂ ਦੇ ਤੁਹਾਡੇ ਰੋਜ਼ਮੱਰਾ ਜੀਵਨਾਂ ਅਤੇ ਰੋਜ਼ੀਆਂ ਤੇ ਵੱਧਦੇ ਹੋਏ ਪ੍ਰਭਾਵ ਹੋਣੇ ਸ਼ੁਰੂ ਹੋ ਗਏ ਹਨ।

ਕੋਵਿਡ-19 ਵਿਰੁੱਧ ਲੜਾਈ ਅਸਾਨ ਨਹੀਂ ਰਹੀ ਹੈ, ਪਰ ਮੇਰਾ ਉਸ ਬਹਾਦਰੀ ਅਤੇ ਦ੍ਰਿੜਤਾ ਨਾਲ ਹੈਰਾਨੀਜਨਕ ਢੰਗ ਨਾਲ ਪ੍ਰੇਰਿਤ ਹੋਣਾ ਜਾਰੀ ਹੈ ਜੋ ਤੁਸੀਂ ਅਤੇ ਤੁਹਾਡੇ ਬੱਚਿਆਂ ਨੇ ਇਸ ਆਊਟਬ੍ਰੇਕ ਦੇ ਫੈਲਾਅ ਨੂੰ ਰੋਕਣ ਵਿੱਚ ਸਾਡੀਆਂ ਕੋਸ਼ਿਸ਼ਾਂ ਵਿੱਚ ਦਰਸ਼ਾਈ ਹੈ। ਜਦੋਂ ਤੋਂ ਕੈਬੀਨੇਟ ਨੇ 12 ਮਾਰਚ ਨੂੰ ਪਬਲਿਕ-ਸਕੂਲ ਸਿਸਟਮ ਨੂੰ ਬੰਦ ਕਰਨ ਦਾ ਫੈਸਲਾ ਲਿਆ ਹੈ, ਅਸੀਂ ਆਪਣੇ ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਦੀ ਰੱਖਿਆ ਕਰਨ ਲਈ ਪਬਲਿਕ ਅਤੇ ਪ੍ਰਾਈਵੇਟ ਸੈਕਟਰ ਦੁਆਰਾ ਚੁੱਕੇ ਗਏ ਕਦਮਾਂ ਦੀ ਲੜੀ ਦੇਖੀ ਹੈ।

ਮੈਂ ਤੁਹਾਨੂੰ ਭਰੋਸਾ ਦੁਆਉਣਾ ਚਾਹੁੰਦਾ ਹਾਂ ਕਿ, ਸਿੱਖਿਆ ਮੰਤਰੀ ਵਜੋਂ, ਸਾਡੇ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਸਾਡੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ; ਅਜਿਹੀ ਕੋਈ ਵੀ ਪ੍ਰਾਥਮਿਕਤਾ ਨਹੀਂ ਹੈ ਜਿਹੜੀ ਇਸ ਤੋਂ ਵੱਧ ਗੰਭੀਰ ਹੈ। ਸਾਡੇ ਦੁਆਰਾ ਕੀਤਾ ਗਿਆ ਹਰੇਕ ਫੈਸਲਾ ਤੁਹਾਡੇ ਬੱਚਿਆਂ ਦੀ ਕੁਸ਼ਲਤਾ ਦੀ ਹਿਫਾਜ਼ਤ ਕਰਨ ਦੀ ਬੁਨਿਆਦੀ ਵਚਨਬੱਧਤਾ ਤੇ ਅਧਾਰਤ ਹੈ। ਅਸੀਂ ਉਸ ਖ਼ਾਸੀ ਸਮਝ ਅਤੇ ਲਚਕਤਾ ਲਈ ਹੈਰਾਨੀਜਨਕ ਢੰਗ ਨਾਲ ਸ਼ੁਕਰਗੁਜ਼ਾਰ ਹਾਂ ਜਿਹੜੀ ਤੁਸੀਂ ਅਤੇ ਤੁਹਾਡੇ ਬੱਚਿਆਂ ਨੇ ਸਕੂਲ ਬੰਦ ਹੋਣ ਦੀ ਇਸ ਅਵਧੀ ਦੇ ਦੌਰਾਨ ਦਰਸ਼ਾਈ ਹੈ।

ਉਸ ਵਚਨਬੱਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅੱਜ ਸਾਡੀ ਸਰਕਾਰ ਨੇ ਸੂਬੇ ਵਿੱਚ ਪਬਲਿਕ ਸਕੂਲਾਂ ਨੂੰ ਬੰਦ ਕੀਤੇ ਜਾਣ ਨੂੰ 4 ਮਈ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ, 13 ਅਪ੍ਰੈਲ ਤੱਕ ਚਾਇਲਡ ਕੇਅਰ ਸੈਂਟਰਾਂ ਅਤੇ ਪ੍ਰਾਈਵੇਟ ਸਕੂਲਾਂ ਦੇ ਨਾਲ। ਸਧਾਰਨ ਸਮਿਆਂ ਵਿੱਚ, ਇਹ ਇੱਕ ਮੁਸ਼ਕਲ ਫੈਸਲਾ ਹੋਵੇਗਾ। ਪਰ, ਇਹ ਦੇਖਦੇ ਹੋਏ ਕਿ ਓਨਟੈਰਿਓ ਦਾ ਚੀਫ ਮੈਡੀਕਲ ਆਫਿਸਰ ਔਫ ਹੈਲਥ ਸਹਿਮਤ ਹੈ ਕਿ ਇਹ ਤੁਹਾਡੀ ਅਤੇ ਤੁਹਾਡੀ ਬੱਚਿਆਂ ਦੀ ਸਿਹਤ ਦੇ ਸਭ ਤੋਂ ਵਧੀਆ ਹਿਤ ਵਿੱਚ ਹੈ, ਇਹ ਫੈਸਲਾ ਸਪਸ਼ਟ ਅਤੇ ਪ੍ਰਤੱਖ ਸੀ ।

ਹਾਲਾਂਕਿ ਇਹ ਘੋਸ਼ਣਾ ਪਬਲਿਕ ਹੈਲਥ ਪਾਲਿਸੀ ਨਾਲ ਇਕਸਾਰ ਹੈ, ਮੈਂ ਜਾਣਦਾ ਹਾਂ ਕਿ ਇਹ ਇਸ ਬਾਰੇ ਸਵਾਲ ਉਠਾਏਗਾ ਕਿ ਤੁਹਾਡੇ ਬੱਚੇ ਆਉਣ ਵਾਲੇ ਕੁਝ ਹਫਤਿਆਂ ਵਿੱਚ ਉਨ੍ਹਾਂ ਦੀ ਸਿੱਖਿਆ ਦੇ ਸੰਬੰਧ ਵਿੱਚ ਕੀ ਕਰਨਗੇ, ਕਿਉਂਕਿ ਇਨ - ਸਕੂਲ ਸਿਖਲਾਈ ਨਹੀਂ ਹੋਵੇਗੀ।

ਅੱਜ, ਮੈਂ ਲਰਨ ਐਟ ਹੋਮ ਦੇ ਅਗਲੇ ਫੇਜ਼ ਅਤੇ ਇਸ ਅਵਧੀ ਦੇ ਦੌਰਾਨ ਅਸੀਂ ਵਿਦਿਆਰਥੀਆਂ, ਪਰਿਵਾਰਾਂ ਅਤੇ ਸਿੱਖਿਅਕਾਂ ਨੂੰ ਕਿਸ ਤਰ੍ਹਾਂ ਸਹਾਰਾ ਦੇ ਰਹੇ ਹਾਂ, ਲਈ ਸਾਡੀ ਸਰਕਾਰ ਦੀ ਘੋਸ਼ਣਾ ਕਰਨ ਵਿੱਚ ਮਾਣਮੱਤਾ ਸੀ।

.../p2

ਸ਼ੁਰੂਆਤ ਕਰਨ ਲਈ, ਅਸੀਂ ਸਕੂਲ ਬੋਰਡਾਂ ਨੂੰ ਹਿਦਾਇਤ ਕੀਤਾ ਹੈ ਕਿ, ਸੋਮਵਾਰ, 6 ਅਪ੍ਰੈਲ ਤੱਕ, ਸਾਰੇ ਸੂਬੇ ਵਿੱਚ ਅਧਿਆਪਕਾਂ ਦੀ ਅਗਵਾਈ ਵਾਲੀ ਸਿਖਲਾਈ ਸ਼ੁਰੂ ਹੋ ਜਾਵੇਗੀ। ਇਸ ਅਵਧੀ ਦੇ ਦੌਰਾਨ ਤੁਹਾਡੇ ਬੱਚੇ ਲਈ ਸਿੱਖਿਆ ਨੂੰ ਜਾਰੀ ਰੱਖ ਸਕਣ ਦਾ ਸਭ ਤੋਂ ਵਧੀਆ ਢੰਗ ਨਿਰਧਾਰਤ ਕਰਨ ਲਈ ਵਿਦਿਆਰਥੀ ਇਸ ਹਫਤੇ ਆਪਣੇ ਅਧਿਆਪਕਾਂ ਅਤੇ ਸਕੂਲ ਬੋਰਡ ਸਟਾਫ ਕੋਲੋਂ ਸੰਚਾਰ ਪ੍ਰਾਪਤ ਕਰਨਾ ਸ਼ੁਰੂ ਕਰਨਗੇ। ਖਾਸ ਕਰਕੇ, ਸਾਡੇ ਸਭ ਤੋਂ ਛੋਟੇ ਸਿੱਖਣ ਵਾਲਿਆਂ ਲਈ, ਮੈਂ ਤੁਹਾਨੂੰ ਸਿੱਖਿਅਕਾਂ ਦੇ ਨਾਲ ਇੰਨ੍ਹਾਂ ਮੁਢਲੀਆਂ ਬਾਤਚੀਤਾਂ ਨੂੰ ਆਸਾਨ ਬਣਾਉਣ ਵਿੱਚ ਮਦਦ ਕਰਨ ਵਾਲਾ ਹੱਥ ਵਧਾਉਣ ਲਈ ਕਹਿ ਰਿਹਾ ਹਾਂ, ਜਦੋਂ ਉਹ ਗੱਲਬਾਤ ਕਰਨਾ ਸ਼ੁਰੂ ਕਰਦੇ ਹਨ। ਇਹ ਅਗੇਤਾ ਸੰਚਾਰ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰੇਗਾ ਕਿ ਸਾਰੇ ਵਿਦਿਆਰਥੀ ਭਰਪੂਰ ਔਨਲਾਇਨ ਸਿੱਖਿਆ ਰਣਨੀਤੀ ਵਿੱਚ ਕਿਰਿਆਸ਼ੀਲ ਢੰਗ ਨਾਲ ਅਤੇ ਪੂਰੀ ਤਰ੍ਹਾਂ ਭਾਗ ਲੈ ਸਕਦੇ ਹਨ। ਅਸੀਂ ਇਹ ਰਣਨੀਤੀ ਵਰਤਮਾਨ ਸਮੇਂ ਤੇ ਘਰ ਵਿੱਚ ਮੌਜੂਦ ਟੈਕਨਾਲੋਜੀ ਅਤੇ ਸਾਧਨਾਂ ਦੇ ਅਧਾਰ ਤੇ ਬਣਾਈ ਹੈ।

ਮੈਂ ਇਹ ਵੀ ਜਾਣਦਾ ਹਾਂ ਕਿ ਸੰਭਵ ਹੈ ਕਿ ਸੂਬੇ ਦੇ ਬਹੁਤ ਸਾਰੇ ਪਰਿਵਾਰਾਂ ਕੋਲ ਔਨਲਾਇਨ ਸਿੱਖਿਆ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਲੋੜੀਂਦੀ ਟੈਕਨਾਲੋਜੀ ਅਤੇ ਬ੍ਰੌਡਬੈਂਡ ਕੁਨੈਕਸ਼ਨ ਤੱਕ ਪਹੁੰਚ ਨਾ ਹੋਵੇ। ਇਸ ਸਥਿਤੀ ਨੂੰ ਦੂਰ ਕਰਨ ਲਈ, ਸਾਡੀ ਸਰਕਾਰ ਨੇ ਸਥਾਨਕ ਸਕੂਲ ਬੋਰਡਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੀ ਕੰਪਿਊਟਰਾਂ ਅਤੇ ਡਿਵਾਇਸਾਂ ਦੀ ਮੌਜੂਦਾ ਵਸਤੂ ਸੂਚੀ ਉਹਨਾਂ ਵਿਦਿਆਰਥੀਆਂ ਨੂੰ ਪੇਸ਼ ਕਰਨ, ਜਿਨ੍ਹਾਂ ਕੋਲ ਘਰ ਵਿੱਚ ਪਹੁੰਚ ਨਹੀਂ ਹੈ। ਬੋਰਡ, ਮੰਤਰਾਲੇ ਦੇ ਨਾਲ ਮਿਲ ਕੇ ਉਨ੍ਹਾਂ ਲੋਕਾਂ ਤਕ ਟੈਕਨਾਲੋਜੀ ਦਾ ਵਿਸਥਾਰ ਕਰਨ ਦੀ ਯੋਜਨਾ ਤਿਆਰ ਕਰਨ ਲਈ ਕੰਮ ਕਰਨਗੇ ਜਿੰਨ੍ਹਾਂ ਨੂੰ ਇਸਦੀ ਲੋੜ ਹੈ।

ਮੈਂ ਇਹ ਵੀ ਮੰਨਣਾ ਚਾਹੁੰਦਾ ਹਾਂ ਕਿ ਬੋਰਡਾਂ ਨੇ ਟੈਕਨਾਲੋਜੀ ਤੱਕ ਵਿਦਿਆਰਥੀਆਂ ਦੀ ਪਹੁੰਚ ਲਈ ਵਿਕਲਪਿਕ ਵਿਕਲਪਾਂ ਦੀ ਪੜਤਾਲ ਕੀਤੀ ਹੈ, ਜਿਸ ਵਿੱਚ ਦੂਰਸੰਚਾਰ ਪ੍ਰਦਾਤਾਵਾਂ ਨਾਲ ਇਹ ਨਿਰਧਾਰਤ ਕਰਨ ਲਈ ਨਿਯਮਤ ਗੱਲਬਾਤ ਵਿੱਚ ਸ਼ਾਮਲ ਹੋਣਾ ਸ਼ਾਮਲ ਹੈ ਕਿ ਪਰਿਵਾਰਾਂ ਨੂੰ ਓਨਟੈਰਿਓ ਦੇ ਵਿਸ਼ਵ-ਪ੍ਰਮੁੱਖ ਔਨਲਾਇਨ ਸਿੱਖਿਆ ਸਰੋਤਾਂ ਦੀ ਪਹੁੰਚ ਕਰਨ ਦੇਣ ਲਈ ਕਿਹੜੇ ਵਿਕਲਪ ਮੌਜੂਦ ਹਨ।

ਇਹ ਦਿਹਾਤੀ ਅਤੇ ਦੂਰ ਦੁਰਾਡੇ ਦੇ ਭਾਈਚਾਰਿਆਂ ਲਈ ਖਾਸ ਤੌਰ ਤੇ ਜ਼ਰੂਰੀ ਹੈ ਜਿਥੇ ਸੰਭਵ ਹੈ ਕੁਨੈਕਸ਼ਨ ਸਰਵੋਤਮ ਨਾ ਹੋਣ। ਮੈਂ ਤੁਹਾਨੂੰ ਅਪਡੇਟ ਕਰਾਂਗਾ ਜਿਵੇਂ ਟੈਕਨਾਲੋਜੀ ਅਤੇ ਬ੍ਰੌਡਬੈਂਡ ਵਿਕਲਪਾਂ ਦੇ ਸੰਬੰਧ ਵਿੱਚ ਇਹ ਗੱਲਬਾਤਾਂ ਵਿਕਸਤ ਹੁੰਦੀਆਂ ਹਨ।

ਔਨਲਾਇਨ ਸਿੱਖਿਆ ਦੀ ਇਸ ਯੋਜਨਾ ਦੇ ਹਿੱਸੇ ਦੇ ਤੌਰ ਤੇ, ਸਾਡੀ ਸਰਕਾਰ ਨੇ ਸਿੱਖਿਆ ਸਮੱਗਰੀ ਅਤੇ ਤੁਹਾਡੇ ਵਿਦਿਆਰਥੀ ਦੇ ਅਧਿਆਪਕ ਦੁਆਰਾ ਨਿਰਧਾਰਤ ਕੀਤੇ ਗਏ ਕੰਮ ਦੇ ਅਧਾਰ ਤੇ ਇੱਕ ਦਿੱਤੇ ਹਫਤੇ ਵਿੱਚ ਵਿਦਿਆਰਥੀਆਂ ਦੇ ਕੰਮ ਦੇ ਸਮੇਂ ਦੀਆਂ ਘੱਟੋ ਘੱਟ ਅਪੇਖਿਆਵਾਂ ਦੀ ਰੂਪ ਰੇਖਾ ਦਿੱਤੀ ਹੈ। ਹਰੇਕ ਅਧਿਆਪਕ ਲਈ, ਇੰਨ੍ਹਾਂ ਅਪੇਖਿਆਵਾਂ ਵਿੱਚ ਸ਼ਾਮਲ ਹਨ:

- ਕਿੰਡਰਗਾਰਟਨ ਤੋਂ ਗਰੇਡ 3: ਸਾਖਰਤਾ ਅਤੇ ਗਣਿਤ ਤੇ ਫੋਕਸ ਦੇ ਨਾਲ, ਪ੍ਰਤੀ ਵਿਦਿਆਰਥੀ, ਪ੍ਰਤੀ ਹਫਤੇ ਪੰਜ ਘੰਟਿਆਂ ਦਾ ਕੰਮ;
- ਗਰੇਡ 4 ਤੋਂ 6: ਸਾਖਰਤਾ, ਗਣਿਤ, ਸਾਇੰਸ ਅਤੇ ਸੋਸ਼ਲ ਸਟਡੀਜ਼ ਤੇ ਫੋਕਸ ਦੇ ਨਾਲ, ਪ੍ਰਤੀ ਵਿਦਿਆਰਥੀ, ਪ੍ਰਤੀ ਹਫਤੇ ਪੰਜ ਘੰਟਿਆਂ ਦਾ ਕੰਮ;
- ਗਰੇਡ 7 ਤੋਂ 8: ਗਣਿਤ, ਸਾਖਰਤਾ, ਸਾਇੰਸ ਅਤੇ ਸੋਸ਼ਲ ਸਟਡੀਜ਼ ਤੇ ਫੋਕਸ ਦੇ ਨਾਲ, ਪ੍ਰਤੀ ਵਿਦਿਆਰਥੀ, ਪ੍ਰਤੀ ਹਫਤੇ 10 ਘੰਟਿਆਂ ਦਾ ਕੰਮ; ਅਤੇ
- ਗਰੇਡ 9 ਤੋਂ 12: ਕ੍ਰੈਡਿਟ ਜੰਮ੍ਹਾਂ ਕਰਨ ਅਤੇ ਗ੍ਰੈਜੁਏਸ਼ਨ ਤੇ ਫੋਕਸ ਦੇ ਨਾਲ, ਸਮੈਸਟਰ ਵਾਲੇ ਵਿਦਿਆਰਥੀਆਂ ਵਾਸਤੇ ਪ੍ਰਤੀ ਕੋਰਸ ਪ੍ਰਤੀ ਹਫਤੇ ਤਿੰਨ ਘੰਟਿਆਂ ਦਾ ਕੰਮ, ਅਤੇ ਗੈਰ- ਸਮੈਸਟਰ ਵਿਦਿਆਰਥੀਆਂ ਵਾਸਤੇ ਪ੍ਰਤੀ ਕੋਰਸ ਪ੍ਰਤੀ ਹਫਤੇ 1.5 ਘੰਟਿਆਂ ਦਾ ਕੰਮ।

ਇੰਨ੍ਹਾਂ ਅਪੇਖਿਆਵਾਂ ਦੇ ਅਧਾਰ ਤੇ, ਲਰਨ ਐਟ ਹੋਮ ਦੇ ਇਸ ਫੇਜ਼ ਦੀ ਲੋੜ ਹੋਵੇਗੀ ਕਿ ਵਿਦਿਆਰਥੀ ਇਹ ਯਕੀਨੀ ਬਣਾਉਣ ਲਈ ਅਕਾਦਮਿਕ ਅਨੁਸ਼ਾਸਨ ਅਤੇ ਵਚਨਬੱਧਤਾ ਨੂੰ ਅਪਣਾਉਣ ਕਿ ਉਹ ਨਿਰੰਤਰ ਜਾਰੀ ਅਕਾਦਮਿਕ ਵਾਧੇ ਅਤੇ ਪ੍ਰਾਪਤੀ ਦਾ ਅਨੁਭਵ ਕਰ ਸਕਦੇ ਹਨ। ਮੈਂ ਜਾਣਦਾ ਹਾਂ ਕਿ ਸਾਡੇ ਵਿਦਿਆਰਥੀ ਇਸ ਕੰਮ ਲਈ ਤਿਆਰ ਹਨ।

ਹਾਲਾਂਕਿ ਇਹ ਅਪੂਰਵ ਸਮੇਂ ਹਨ, ਮੈਂ ਤੁਹਾਨੂੰ ਉਤਸ਼ਾਹਤ ਕਰਦਾ ਹਾਂ ਕਿ ਤੁਸੀਂ ਸਕੂਲ ਬੰਦ ਹੋਣ ਦੀ ਇਸ ਅਵਧੀ ਲਈ ਸਾਡੇ ਦੁਆਰਾ ਬਣਾਏ ਗਏ ਮਜ਼ਬੂਤ ਸਿੱਖਿਆ ਪ੍ਰੋਗ੍ਰਾਮ ਲਈ ਪੂਰੀ ਤਰ੍ਹਾਂ ਵਚਨਬੱਧ ਹੋਣ ਵਾਸਤੇ ਆਪਣੇ ਬੱਚਿਆਂ ਦਾ ਸਮਰਥਨ ਕਰੋ ਅਤੇ ਉਨ੍ਹਾਂ ਨੂੰ ਯੋਗ ਬਣਾਓ। ਤੁਹਾਡਾ ਸਮਰਥਨ, ਪ੍ਰੇਰਣਾ ਅਤੇ ਉਤਸ਼ਾਹ ਤੁਹਾਡੇ ਬੱਚਿਆਂ ਨੂੰ ਉਨ੍ਹਾਂ ਦੀ ਸਿੱਖਿਆ ਦੀ ਯਾਤਰਾ ਵਿਚ ਸਫਲ ਹੋਣ ਲਈ ਤਿਆਰ ਕਰਨਾ ਜਾਰੀ ਰੱਖੇਗਾ।

ਮੈਂ ਜਾਣਦਾ ਹਾਂ ਕਿ ਇਹ ਅਵਧੀ ਗ੍ਰੈਜੁਏਟ ਕਰਨ ਵਾਲੀ ਉਮਰ ਦੇ ਗਰੁੱਪ ਦੇ ਵਿਦਿਆਰਥੀਆਂ ਦੇ ਮਾਪਿਆਂ ਵਾਸਤੇ ਚਿੰਤਾਜਨਕ ਹੈ। ਮੈਂ ਪਹਿਲਾਂ ਇਹ ਕਿਹਾ ਹੈ, ਅਤੇ ਮੈਂ ਦੁਹਰਾਉਣਾ ਚਾਹੁੰਦਾ ਹਾਂ: ਕੋਵਿਡ-19 ਕਰਕੇ ਵਿਕਸਤ ਹੋ ਰਹੇ ਹਾਲਾਤਾਂ ਦੁਆਰਾ ਕਿਸੇ ਵੀ ਵਿਦਿਆਰਥੀ ਦੀ ਗ੍ਰੈਜੁਏਸ਼ਨ ਖ਼ਤਰੇ ਵਿਚ ਨਹੀਂ ਪਵੇਗੀ। ਮੈਂ ਮਾਣਯੋਗ ਰੌਸ ਰੋਮੈਨੋ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਮੰਤਰੀ, ਅਤੇ ਪੋਸਟ-ਸੈਕੰਡਰੀ ਸੈਕਟਰ ਦੇ ਨਾਲ ਨਜ਼ਦੀਕੀ ਢੰਗ ਨਾਲ ਕੰਮ ਕਰ ਰਿਹਾ ਹਾਂ। ਸਾਡੀ ਸਰਕਾਰ ਇਹ ਸੁਨਿਸ਼ਚਿਤ ਕਰੇਗੀ ਕਿ ਉਹ ਵਿਦਿਆਰਥੀ, ਜੋ ਸਤੰਬਰ 2020 ਵਿਚ ਕਾਲਜ ਜਾਂ ਯੂਨੀਵਰਸਿਟੀ ਵਿਚ ਦਾਖਲ ਹੋਣ ਦੀ ਯੋਜਨਾ ਬਣਾ ਰਹੇ ਹਨ, ਕੋਲ ਇਸ ਟੀਚੇ ਨੂੰ ਪੂਰਾ ਕਰਨ ਲਈ ਸਾਡਾ ਪੂਰਾ ਸਮਰਥਨ ਹੈ।

ਜਿਵੇਂ ਕਿ ਵਿਦਿਆਰਥੀ ਇਸ ਬੰਦ ਦੀ ਅਵਧੀ ਦੇ ਦੌਰਾਨ ਕ੍ਰੈਡਿਟ ਇਕੱਠੇ ਕਰਨਾ ਜਾਰੀ ਰੱਖਦੇ ਹਨ, ਅਸੀਂ ਇਸ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਾਂਗੇ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਵਿਦਿਆਰਥੀ ਪੋਸਟ-ਸੈਕੰਡਰੀ ਅਰਜ਼ੀ ਪ੍ਰਕਿਰਿਆ ਦੇ ਨਾਲ ਕਿਵੇਂ ਇਕਸਾਰ ਹੋ ਸਕਦੇ ਹਨ।

ਮੈਂ ਸਮਝਦਾ ਹਾਂ ਕਿ ਅਜਿਹੇ ਮਾਤਾ-ਪਿਤਾ, ਜਿੰਨ੍ਹਾਂ ਦੇ ਬੱਚਿਆਂ ਦੀਆਂ ਸਪੈਸ਼ਲ ਐਜੁਕੇਸ਼ਨ ਜ਼ਰੂਰਤਾਂ ਹੋ ਸਕਦੀਆਂ ਹਨ, ਦੀਆਂ ਇਸ ਅਵਧੀ ਦੌਰਾਨ ਘਰ ਵਿੱਚ ਸਿੱਖਣ ਅਤੇ ਵਿਦਿਅਕ ਸਹਾਇਤਾ ਅਮਲੇ ਅਤੇ ਸਰੋਤਾਂ ਦੀ ਸਰੀਰਕ ਗੈਰਹਾਜ਼ਰੀ ਬਾਰੇ ਚਿੰਤਾਵਾਂ ਹਨ। ਮੈਂ ਦ੍ਰਿੜਤਾ ਨਾਲ ਅਤੇ ਸਪੱਸ਼ਟ ਤੌਰ 'ਤੇ ਇਹ ਨਿਸ਼ਚਤ ਕਰਨ ਲਈ ਵਚਨਬੱਧ ਹਾਂ ਕਿ ਸਾਰੇ ਵਿਦਿਆਰਥੀ ਅਜਿਹੇ ਰੈਪ-ਅਰਾਉਂਡ (wrap-around) ਸਹਾਰਿਆਂ ਤੱਕ ਪਹੁੰਚ ਪ੍ਰਾਪਤ ਕਰਨਾ ਜਾਰੀ ਰੱਖਣ ਜਿਹੜੇ ਨਿਰੰਤਰ ਜਾਰੀ ਸਿਖਲਾਈ ਅਤੇ ਵਿਕਾਸ ਨੂੰ ਵਧਾਵਾ ਦਿੰਦੇ ਹਨ।

ਸਾਡੀ ਸਰਕਾਰ ਨੇ ਬੋਰਡਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਵਿਦਿਆਰਥੀਆਂ ਲਈ ਪੇਸ਼ੇਵਰਾਨਾ ਸਹਾਇਤਾ ਦੀ ਨਿਰੰਤਰਤਾ ਨੂੰ ਦੁਬਾਰਾ ਪੇਸ਼ ਕਰਨ ਲਈ ਵਿਦਿਆਰਥੀਆਂ ਅਤੇ ਐਜੁਕੇਸ਼ਨਲ ਸਹਾਇਕਾਂ, ਪੈਰਾ-ਪ੍ਰੋਫੈਸ਼ਨਲਜ਼ ਅਤੇ ਹੋਰ ਸਿੱਖਿਆ ਕਰਮਚਾਰੀਆਂ ਵਿਚਕਾਰ ਸੰਚਾਰ ਦੀ ਫੌਰੀ ਬਹਾਲੀ ਨੂੰ ਸਮਰੱਥ ਕਰਨ। ਇਸ ਅਪੂਰਵ ਸਮੇਂ ਦੌਰਾਨ ਅਸੀਂ ਕਿਸੇ ਵੀ ਵਿਦਿਆਰਥੀ ਨੂੰ ਪਿੱਛੇ ਨਹੀਂ ਰਹਿਣ ਦੇਵਾਂਗੇ। ਮੇਰਾ ਮੰਤਰਾਲਾ ਸਿਖਿਅਕਾਂ ਨੂੰ ਉਨ੍ਹਾਂ ਸਾਧਨਾਂ ਅਤੇ ਸਹਾਰਿਆਂ ਨਾਲ ਲੈਸ ਕਰ ਰਿਹਾ ਹੈ ਜਿੰਨ੍ਹਾਂ ਦੀ ਲੋੜ ਉਹਨਾਂ ਨੂੰ ਇੱਕ ਔਨਲਾਇਨ ਸੈਟਿੰਗ ਵਿੱਚ ਸੂਬੇ ਦੇ ਸਾਰੇ ਸਿਖਿਆਰਥੀਆਂ ਦੇ ਮੌਕਿਆਂ ਅਤੇ ਪ੍ਰਾਪਤੀਆਂ ਨੂੰ ਵੱਧ ਤੋਂ ਵੱਧ ਕਰਨ ਲਈ ਹੈ।

ਹਾਲਾਂਕਿ ਕੋਵਿਡ -19 ਦੇ ਆਲੇ-ਦੁਆਲੇ ਦਾ ਬਹੁਤ ਸਾਰਾ ਵਿਖਿਆਨ ਸਰੀਰਕ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ 'ਤੇ ਧਿਆਨ ਕੇਂਦ੍ਰਤ ਕਰਦਾ ਹੈ, ਮੈਂ ਉਨ੍ਹਾਂ ਮਹੱਤਵਪੂਰਣ ਪ੍ਰਭਾਵਾਂ ਨੂੰ ਸਵੀਕਾਰ ਕਰਨਾ ਚਾਹੁੰਦਾ ਹਾਂ ਜੋ ਇਸ ਆਉਟਬ੍ਰੇਕ ਕਰਕੇ ਓਨਟੈਰਿਅਨਾਂ ਦੀ ਮਾਨਸਿਕ ਸਿਹਤ 'ਤੇ ਹੋ ਰਹੇ ਹੋ ਸਕਦੇ ਹਨ। ਖ਼ਾਸਕਰ, ਸਾਡੇ ਸਭ ਤੋਂ ਛੋਟੇ ਸਿੱਖਣ ਵਾਲੇ ਪੂਰੀ ਤਰ੍ਹਾਂ ਸਮਝਣ ਅਤੇ ਪ੍ਰੌਸੈਸ ਕਰਨ ਲਈ ਸੰਘਰਸ਼ ਕਰ ਰਹੇ ਹੋ ਸਕਦੇ ਹਨ ਕਿ ਉਹਨਾਂ ਦੀਆਂ ਜ਼ਿੰਦਗੀਆਂ, ਪਰਿਵਾਰਾਂ, ਮਿੱਤਰਾਂ ਅਤੇ ਭਾਈਚਾਰਿਆਂ ਵਾਸਤੇ ਇਸਦਾ ਕੀ ਅਰਥ ਹੈ।
ਇਹ ਤੁਹਾਡੇ ਬੱਚੇ ਲਈ ਡਰ ਅਤੇ ਚਿੰਤਾ ਦਾ ਸਮਾਂ ਹੋ ਸਕਦਾ ਹੈ, ਭਾਵੇਂ ਇਹ ਅਸਾਨੀ ਨਾਲ ਜ਼ਾਹਰ ਨਾ ਹੋਵੇ ਤਾਂ ਵੀ।

ਹਾਲਾਂਕਿ ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਇਸ ਬਾਰੇ ਬਹੁਤ ਸਾਰੇ ਪ੍ਰਸ਼ਨ ਹੋ ਸਕਦੇ ਹਨ ਕਿ ਭਵਿੱਖ ਵਿੱਚ ਕੀ ਹੋਵੇਗਾ, ਮੈਂ ਆਪਣੀ ਦਿਲੀ ਉਮੀਦ ਪ੍ਰਗਟ ਕਰਨਾ ਚਾਹੁੰਦਾ ਹਾਂ ਕਿ ਸਾਰੇ ਬੱਚਿਆਂ ਨੂੰ ਪਤਾ ਹੈ ਕਿ ਇਸ ਅਵਧੀ ਦੌਰਾਨ ਉਨ੍ਹਾਂ ਦੁਆਰਾ ਸਾਹਮਣਾ ਕੀਤੀਆਂ ਜਾ ਰਹੀਆਂ ਹੋ ਸਕਦੀਆਂ ਭਾਵਨਾਵਾਂ ਅਤੇ ਪ੍ਰਤੀਕ੍ਰਿਆਵਾਂ ਦੇ ਸਮੂਹ ਨੂੰ ਪ੍ਰੌਸੈਸ ਅਤੇ ਪਰਾਜਿਤ ਕਰਨ ਵਿੱਚ ਸਹਾਇਤਾ ਕਰਨ ਲਈ ਕਈ ਤਰ੍ਹਾਂ ਦੇ ਸਹਾਰੇ ਹਨ। ਸਾਡੀ ਸਰਕਾਰ ਨੇ ਸਕੂਲ ਬੋਰਡਾਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਹਨ ਕਿ ਮਾਨਸਿਕ ਸਿਹਤ ਵਰਕਰ ਅਤੇ ਪੇਸ਼ੇਵਰ ਸਟਾਫ ਤੁਰੰਤ ਹੀ ਵਿਦਿਆਰਥੀਆਂ ਨਾਲ ਇੱਕ ਮਹਿਫੂਜ਼ ਅਤੇ ਸੁਰੱਖਿਅਤ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ। ਅਸੀਂ ਪੂਰੇ ਸੂਬੇ ਦੇ ਵਿਦਿਆਰਥੀਆਂ ਨੂੰ ਰੈਪ-ਅਰਾਉਂਡ ਕਾਉਂਸਲਿੰਗ ਅਤੇ ਸਾਧਨ ਮੁਹੱਈਆ ਕਰਨ ਲਈ ਕੀਤੇ ਜਾ ਰਹੇ ਅਦਭੁੱਤ ਕੰਮ ਦਾ ਸਮਰਥਨ ਕਰਨਾ ਜਾਰੀ ਰੱਖਦੇ ਹਾਂ।

ਸਾਡੇ ਕੋਲ ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ ਜਾਂ ਸੰਕਟ ਦਾ ਸਾਮ੍ਹਣਾ ਕਰ ਰਹੇ ਬੱਚਿਆਂ ਵਾਸਤੇ ਅਹਿਮ ਅਤੇ ਪੇਸ਼ੇਵਰ ਸਹਾਇਤਾ ਮੁਹੱਈਆ ਕਰ ਰਹੀਆਂ ਬਹੁਤ ਸਾਰੀਆਂ ਸੰਸੰਥਾਵਾਂ ਹਨ। ਉਦਾਹਰਣ ਲਈ, ਕਿਡਜ਼ ਹੈਲਪ ਫੋਨ ਸਾਰੇ ਸੂਬੇ ਵਿੱਚ 24/7 ਕਾਉਂਸਲਿੰਗ ਅਤੇ ਰੈਫਰਲ ਸੇਵਾਵਾਂ ਪੇਸ਼ ਕਰਦਾ ਹੈ। ਇਸ ਮੁਫਤ ਸਾਧਨ ਦੀ ਵਰਤੋਂ ਕਰਨ ਲਈ, ਬੱਚੇ 1-800-668-6868 ਤੇ ਫੋਨ ਕਰ ਸਕਦੇ ਹਨ ਜਾਂ 686868 ਤੇ CONNECT ਟੈਕਸਟ ਕਰ ਸਕਦੇ ਹਨ।

ਜਿਵੇਂ ਕਿ ਅਸੀਂ ਸਕੂਲ ਬੰਦ ਹੋਣ ਦੇ ਅਗਲੇ ਫੇਜ਼ ਵਿੱਚ ਅੱਗੇ ਵਧਦੇ ਹਾਂ, ਮਾਪਿਆਂ, ਸਰਪ੍ਰਸਤਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਮੇਰੇ ਮੰਤਰਾਲੇ ਦੀਆਂ ਅਪੇਖਿਆਵਾਂ ਦਾ ਵੱਧਣਾ ਜਾਰੀ ਰਹੇਗਾ। ਪਹਿਲਾਂ ਹੀ ਸੂਬੇ ਭਰ ਵਿੱਚ ਅਣਗਿਣਤ ਉਤਸ਼ਾਹੀ ਅਤੇ ਦ੍ਰਿੜ੍ਹ ਵਿਦਿਆਰਥੀਆਂ, ਸਿੱਖਿਅਕਾਂ ਅਤੇ ਸਿੱਖਿਅਕ ਵਰਕਰਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ, ਮੈਂ ਜਾਣਦਾ ਹਾਂ ਕਿ ਅਸੀਂ ਅੱਗੇ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹਾਂ।

ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ, ਮੈਂ ਇਹ ਸੁਨਿਸ਼ਚਿਤ ਕਰਨ ਵਾਸਤੇ ਆਪਣੀ ਹਾਰਦਿਕ ਅਤੇ ਅਟੱਲ ਵਚਨਬੱਧਤਾ ਅੱਗੇ ਵਧਾਉਣਾ ਚਾਹੁੰਦਾ ਹਾਂ ਕਿ ਸੂਬੇ ਵਿੱਚ ਹਰ ਵਿਦਿਆਰਥੀ ਓਨਟੈਰਿਓ ਦੀ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਵਿਚ ਸਿੱਖਣਾ ਜਾਰੀ ਰੱਖ ਸਕਦੇ ਹਨ। ਇਸ ਸਮੇਂ ਦੌਰਾਨ ਸਾਡੇ ਭਵਿੱਖ ਦੇ ਨੇਤਾਵਾਂ ਨੂੰ ਪ੍ਰੇਰਿਤ ਕਰਨ, ਸਮਰਥਨ ਦੇਣ ਅਤੇ ਉਨ੍ਹਾਂ ਨੂੰ ਉੱਚਾ ਚੁੱਕਣ ਲਈ ਸਾਡੀ ਸਮੂਹਿਕ ਵਚਨਬੱਧਤਾ ਅਟੱਲ ਹੈ।

ਦਿਲੋਂ ਤੁਹਾਡਾ,

ਮਾਣਯੋਗ ਸਟੀਫਨ ਲੇਚੇ, ਸਿੱਖਿਆ ਮੰਤਰੀ